# ਦਸੰਬਰ – ਜਨਵਰੀ ਪਾਠ - ਕ੍ਰਮ,

## ਪਾਠ - 23, ਜਮਾਤ - ਛੇਵੀਂ

ਹਾਕੀ ਖਿਡਾਰਨ:ਅਜਿੰਦਰ ਕੌਰ (ਜੀਵਨੀ) ਸ੍ਰੀਮਤੀ ਰਜਿੰਦਰ ਚੌਹਾਨ

**ਤਿਆਰ ਕਰਤਾ:- ਸ.ਜਸਪਾਲ ਸਿੰਘ, ਪੰਜਾਬੀ ਮਾਸਟਰ, ਸਰਕਾਰੀ ਹਾਈ ਸਕੂਲ ਧਰਮਕੋਟ ਬੱਗਾ ( ਗੁਰਦਾਸਪੁਰ ) 9417606006**

## 1) ਪ੍ਰਸ਼ਨਾਂ ਦੇ ਉੱਤਰ ਦਿਓ :-

1 ਪ੍ਰਸ਼ਨ:-ਅਜਿੰਦਰ ਕੌਰ ਦਾ ਜਨਮ ਕਦੋਂ ਹੋਇਆ ? ਉਸ ਦੇ ਮਾਤਾ-ਪਿਤਾ ਦਾ ਕੀ ਨਾਂ ਸੀ ?

ਉੱਤਰ:- ਅਜਿੰਦਰ ਕੌਰ ਦਾ ਜਨਮ 14 ਜੁਲਾਈ,1951 ਈਸਵੀ ਨੂੰ ਸ.ਨੰਦ ਸਿੰਘ ਦੇ ਘਰ ਮਾਤਾ ਸਤਵੰਤ ਕੌਰ ਦੀ ਕੁਖੋਂ ਜਲੰਧਰ ਵਿਖੇ ਹੋਇਆ।

2 ਪ੍ਰਸ਼ਨ:-ਅਜਿੰਦਰ ਕੌਰ ਦੀ ਵਿਲੱਖਣਤਾ ਕਿਸ ਗੱਲ ਵਿੱਚ ਸੀ ?

ਉੱਤਰ:- ਅਜਿੰਦਰ ਕੌਰ ਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਉਸ ਨੇ ਨੈਸ਼ਨਲ ਪੱਧਰ ’ਤੇ ਖੇਡਣ ਤੋਂ ਪਹਿਲਾਂ ਹੀ ਇੰਟਰਨੈਸ਼ਨਲ ਮੈਚ ਖੇਡਿਆ।

3 ਪ੍ਰਸ਼ਨ:-ਹਾਕੀ ਖੇਡਣ ਲਈ ਉਹ ਕਿੱਥੇ-ਕਿੱਥੇ ਗਈ ?

ਉੱਤਰ:- ਹਾਕੀ ਖੇਡਣ ਲਈ ਉਹ ਟੋਕਿਓ,ਨਿਊਜ਼ੀਲੈਂਡ, ਫ਼ਰਾਂਸ,ਸਕਾਟਲੈਂਡ ਅਤੇ ਸਪੇਨ ਗਈ ?

4 ਪ੍ਰਸ਼ਨ:-ਹਾਕੀ ਖੇਡਣ ਸਮੇਂ ਅਜਿੰਦਰ ਕੌਰ ਨੂੰ ਕਿਹੜੀਆਂ-ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ?

ਉੱਤਰ:- ਹਾਕੀ ਖੇਡਣ ਸਮੇਂ ਅਜਿੰਦਰ ਕੌਰ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।ਕਦੇ ਉਸ ਦੀ ਹਾਕੀ ਟੁੱਟ ਜਾਣੀ ਤਾਂ ਨਵੀਂ ਮਸਾਂ ਮਿਲਨੀ।ਕਦੇ ਗੇਂਦ ਗੁਆਚ ਜਾਣੀ ਤੇ ਨਵੀਂ ਦਾ ਪ੍ਰਬੰਧ ਛੇਤੀ ਨਾ ਹੋਣਾ।ਕਦੇ ਵਰਦੀ ਮੁਕੰਮਲ ਨਾ ਹੋਣੀ।ਕਦੇ ਪੜ੍ਹਾਈ ਤੇ ਘਰੇਲੂ ਕੰਮਾਂ ਕਾਰਨ ਖੇਡਣ ਦਾ ਸਮਾਂ ਘੱਟ ਮਿਲ਼ਨਾ ਅਤੇ ਕਦੇ ਖੇਡਦਿਆਂ ਹੋਇਆਂ ਦਰਸ਼ਕਾਂ ਦੇ ਬੋਲ-ਕਬੋਲ ਵੀ ਸੁਣਨੇ ਪੈਂਦੇ।

5 ਪ੍ਰਸ਼ਨ:- ਅਜਿੰਦਰ ਕੌਰ ਲਈ ਸਭ ਤੋਂ ਵੱਧ ਯਾਦਗਾਰੀ ਪਲ ਕਿਹੜੇ ਹਨ ?

ਉੱਤਰ:- ਅਜਿੰਦਰ ਕੌਰ ਲਈ ਸਭ ਤੋਂ ਵੱਧ ਯਾਦਗਾਰੀ ਪਲ ਉਹ ਸਨ ਜਦੋਂ ਉਸ ਨੇ 1976 ਈਸਵੀ ਵਿੱਚ ਮਦਰਾਸ ਵਿਖੇ ‘ਬੇਗਮ ਰਸੂਲ ਟ੍ਰਾਫ਼ੀ’ ਨਾਂ ਦਾ ਇੱਕ ਅੰਤਰਰਾਸ਼ਟਰੀ ਟੂਰਨਾਮੈਂਟ ਖੇਡਿਆ।ਉਸ ਦੇ ਵਧੀਆ ਪ੍ਰਦਰਸ਼ਨ ਸਦਕਾ ਹੀ ਭਾਰਤੀ ਟੀਮ ਨੂੰ ਜਿੱਤ ਪ੍ਰਾਪਤ ਹੋਈ।

6 ਪ੍ਰਸ਼ਨ:- ਅਜਿੰਦਰ ਕੌਰ ਨੂੰ ਕਿਹੜੇ-ਕਿਹੜੇ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ?

ਉੱਤਰ:-ਅਜਿੰਦਰ ਕੌਰ ਨੂੰ 1974 ਈਸਵੀ ਵਿੱਚ ਭਾਰਤ ਸਰਕਾਰ ਨੇ ‘ਅਰਜੁਨ ਐਵਾਰਡ’,ਪੰਜਾਬ ਸਰਕਾਰ ਨੇ 1979 ਈਸਵੀ ਵਿੱਚ ‘ਮਹਾਰਾਜਾ ਰਣਜੀਤ ਸਿੰਘ ਐਵਾਰਡ,1994 ਈਸਵੀ ਵਿੱਚ ‘ਪੰਜਾਬ ਸਪੋਰਟਸ ਵਿਭਾਗ’ ਨੇ ‘ਪੰਜਾਬ ਦੀ ਮਹਿਲਾ ਆਗੂ’ ਅਤੇ ‘ਸਰਬ-ਸ੍ਰੇਸ਼ਠ’ ਖਿਡਾਰਨ ਵੱਜੋਂ ਸਨਮਾਨਿਤ ਕੀਤਾ।

## 2) ਖ਼ਾਲੀ ਥਾਂਵਾਂ ਭਰੋ:

1. ਅਜਿੰਦਰ ਕੌਰ ਨੇ ਭਾਰਤੀ ਮਹਿਲਾ ਹਾਕੀ ਦੀ ਖੇਡ ਵਿੱਚ ਸਭ ਤੋਂ ਵੱਧ ਨਾਂ ਕਮਾਇਆ।
2. ਅਜਿੰਦਰ ਕੌਰ ਦੇ ਹਾਕੀ ਕੋਚ ਸ.ਗੁਰਚਰਨ ਸਿੰਘ ਬੋਧੀ ਸਨ।
3. ਜਲੰਧਰ ਸ਼ਹਿਰ ਹਾਕੀ ਦਾ ਘਰ ਹੈ।
4. ਅਜਿੰਦਰ ਹਾਕੀ ਖੇਡਣ ਦੇ ਨਾਲ਼-ਨਾਲ਼ ਗੋਲ਼ਾ ਸੁੱਟਣ ਵਿੱਚ ਵੀ ਮਾਹਰ ਹੈ।
5. ਉਹ ਫ਼ੁੱਲ ਬੈਕ ਤੇ ਸੈਂਟਰ ਹਾਫ਼ ਦੋਂਹਾਂ ਪੁਜ਼ੀਸ਼ਨਾਂ ’ਤੇ ਵਧੀਆ ਖੇਡ ਲੈਂਦੀ ਹੈ।
6. ਉਸ ਨੇ ਪਟਿਆਲ਼ਾ ਦੇ ਰਾਸ਼ਟਰੀ ਖੇਡ ਸੰਸਥਾ ਤੋਂ ਕੋਚਿੰਗ ਦਾ ਡਿਪਲੋਮਾ ਹਾਸਲ ਕੀਤਾ।
7. ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਿੱਚ ਉਸ ਨੇ ਕੋਚ ਦੀ ਸੇਵਾ ਵੀ ਨਿਭਾਈ।

### ਵਾਕਾਂ ਵਿੱਚ ਵਰਤੋ:

1 ਹਸਮੁਖ:-ਸ਼ਾਲੂ ਬੜੀ ਹਸਮੁਖ ਹੈ।

2 ਸੰਪਰਕ:-ਰਾਮ ਮੇਰੇ ਸੰਪਰਕ ਵਿੱਚ ਹੈ।

3 ਗੋਲ਼:-ਭਾਰਤ ਨੇ ਪਾਕਿਸਤਾਨ ਵਿਰੁੱਧ ਚਾਰ ਗੋਲ਼ ਕੀਤੇ।

4 ਮਦਦਗਾਰ:- ਪਰਮਾਤਮਾ ਸਭ ਦਾ ਮਦਦਗਾਰ ਹੈ।

5 ਯੂਨੀਵਰਸਿਟੀ:- ਮੇਰਾ ਭਰਾ ਯੂਨੀਵਰਸਿਟੀ ਵਿੱਚ ਪੜ੍ਹਦਾ ਹੈ।

6 ਪ੍ਰਦਰਸ਼ਨ:-ਕਿਸਾਨ ਸਰਕਾਰ ਵਿਰੁੱਧ ਪ੍ਰਦਰਸ਼ਨ ਕਰ ਰਹੇ ਹਨ।

### ਔਖੇ ਸ਼ਬਦਾਂ ਦੇ ਅਰਥ:

| | | |
|---|---|---|
| ਪ੍ਰਸਿੱਧ | : | ਮਸ਼ਹੂਰ |
| ਨਿੱਗਰ | : | ਮਜ਼ਬੂਤ |
| ਵਿਲੱਖਣਤਾ | : | ਵੱਖਰਾਪਣ |
| ਪ੍ਰਦਰਸ਼ਨ | : | ਦਿਖਾਵਾ |
| ਸ਼ਿਰਕਤ | : | ਸ਼ਾਮਲ ਹੋਣਾ,ਭਾਗ ਲੈਣਾ |
| ਉਤਸ਼ਾਹ | : | ਹੌਂਸਲਾ |
| ਸਰਬ-ਸ੍ਰੇਸ਼ਟ | : | ਉੱਤਮ, ਸਭ ਤੋਂ ਵਧੀਆ |